ISSN 2278-5167
www.shabaduk.co.uk

35

ਸ਼ਬਦ

ਸਪਲੀਮੈਂਟ

ਮੁੱਲ 50 ਰੁਪਏ

ਆਲੋਚਨਾ ਵਿਸ਼ੇਸ਼ ਅੰਕ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

ISSN 2278-5167

ਸ਼ਬਦ 35

ਸਪਲੀਮੈਂਟ

ਸਾਲ : 26 | ਜੁਲਾਈ 2023 | ਆਲੋਚਨਾ ਵਿਸ਼ੇਸ਼ ਅੰਕ

Website : www.shabaduk.co.uk

ਮੁੱਖ ਸੰਪਾਦਕ

ਹਰਜੀਤ ਅਟਵਾਲ

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

ਸੰਪਾਦਕ

ਜਿੰਦਰ

984, Rajput Nagar, Near Surinder Welding Works,
Model House, Jalandhar-144003

Mobile : 98148 03254

Email : jinder340@gmail.com

ਉਪ ਸੰਪਾਦਕ

ਹਰਮਹਿੰਦਰ ਚਹਿਲ

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

ਰਵੀ ਸ਼ੇਰਗਿੱਲ (Ravinder Gill)

8042 Prairie Hawk Way, Sacramento CA 95829 U.S.A.

Ph. 001-916-753-2868

Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

ਵਿਸ਼ੇਸ਼ ਨੋਟ : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

ਚੰਦਾ : 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

ਲਾਈਫ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

ਇਸ ਵਾਰ

- ਸੋਗੀ ਸੰਗੀਤ ਦਾ ਜਾਦੂ : ਸ਼ਬਦ ਸੰਵੇਦਨਾ ਅਤੇ ਵਿਅੰਗ ਦੀ ਰਚਨਾਕਾਰੀ
  – ਡਾ ਕੁਲਦੀਪ ਸਿੰਘ 3
- ਪਰਵੇਜ਼ ਸੰਧੂ ਦੀਆਂ ਕਹਾਣੀਆਂ : ਸੰਵਾਦ ਮੁੱਖ ਬਿਰਤਾਂਤ ਦੀ ਪੇਸ਼ਕਾਰੀ
  – ਡਾ. ਅਕਾਲ ਅੰਮ੍ਰਿਤ ਕੌਰ 11
- ਦਰਸ਼ਨ ਸਿੰਘ ਧੀਰ ਦੁਆਰਾ ਰਚਿਤ ਨਾਵਲ 'ਲਕੀਰਾਂ ਤੇ ਮਨੁੱਖ' ਅੰਦਰ ਉਭਰਦੇ ਸਮਾਜਿਕ ਸਰੋਕਾਰ
  – ਡਾ.ਕਮਲ ਜੀਤ ਸਿੰਘ 17
- ਜਥੇਬੰਦਕ ਸ਼ੰਘਰਸ਼ਾਂ ਦੀ ਲੋਚਾ ਦਾ ਬ੍ਰਿਤਾਂਤਕ ਪ੍ਰਵਚਨ : ਹਾਰੀਂ ਨਾ ਬਚਨਿਆ
  – ਡਾ. ਹਰਜਿੰਦਰ ਸਿੰਘ 23
- ਪਰਵਾਸੀ ਪੰਜਾਬੀ ਚੇਤਨਾ–ਸਿੱਧਾਂਤਕ ਪਰਿਪੇਖ
  – ਡਾ. ਅਮਰਜੀਤ ਸਿੰਘ 35
- ਵਰਤਮਾਨ ਭਾਰਤ ਦੀ ਤ੍ਰਾਸਦਕ ਵੇਦਨਾ : 'ਕੋਈ ਤਾਂ ਦੱਸੋ ਯਾਰੋ'
  – ਡਾ. ਪਰਮਿੰਦਰ ਸਿੰਘ 49
- ਸਹਿਜੇ–ਸਹਿਜੇ ਤੁਰ : ਕਾਵਿ ਸਰੋਕਾਰ
  – ਡਾ. ਕਵਲਜੀਤ ਕੌਰ 55
- ਸੀਤੇ ਬੁੱਲ੍ਹਾਂ ਦਾ ਸੁਨੇਹਾ: ਔਰਤ ਦੀ ਹੋਂਦ ਸਥਿਤੀ : ਮਾਨਵੀ ਸੰਵੇਦਨਾ
  – ਡਾ. ਰਛਪਾਲ ਸਿੰਘ ਉੱਪਲ 63
- ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਵਿਸ਼ੇਗਤ ਅਧਿਐਨ
  – ਡਾ. ਗੁਰਪ੍ਰੀਤ ਕੌਰ 74
- ਮਨੁੱਖੀ ਸੰਘਰਸ਼ ਦੀ ਪੇਸ਼ਕਾਰੀ ਕਥਾ–ਸੰਗ੍ਰਹਿ : ਘੋੜ ਸਵਾਰ
  – ਬਲਜੀਤ ਸਿੰਘ 78
- ਜਰਨੈਲ ਸੇਖਾ ਰਚਿਤ ਨਾਵਲ 'ਭਰੌਂੜਾ' : ਸਵੈ ਪਛਾਣ ਦੇ ਮਸਲੇ
  – ਗੁਰਪ੍ਰੀਤ ਸਿੰਘ 87
- ਜ਼ਿੰਦਗੀ ਦਾ ਤਾਣਾ–ਪੇਟਾ ਉਭਾਰਦੀ : ਸਮਕਾਲੀ ਪੰਜਾਬੀ ਕਹਾਣੀ
  – ਡਾ. ਗੁਰਦੀਪ ਕੌਰ ਸੂਰਾ 92
- ਪ੍ਰਿਤੀ ਦਾ ਕਵੀ ਭਾਈ ਵੀਰ ਸਿੰਘ
  – ਡਾ. ਸੁਨੀਲ 105
- ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖ ਨਾਰੀ ਦਾ ਗੌਰਵਮਈ ਸਰੂਪ
  – ਡਾ. ਰਵਿੰਦਰ ਕੌਰ ਬੇਦੀ 109

ਸੋਗੀ ਸੰਗੀਤ ਦਾ ਜਾਦੂ : ਸ਼ਬਦ ਸੰਵੇਦਨਾ ਅਤੇ ਵਿਅੰਗ ਦੀ ਰਚਨਾਕਾਰੀ

- ਡਾ ਕੁਲਦੀਪ ਸਿੰਘ*

ਆਧੁਨਿਕ ਕਾਲ ਨੂੰ ਵਾਰਤਕ ਦਾ ਯੁੱਗ ਕਹੀਏ ਤਾਂ ਇਸ ਕਥਨ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸੇ ਕਰਕੇ ਆਧੁਨਿਕ ਕਾਲ ਵਿੱਚ ਵਾਰਤਕ ਨੂੰ ਸਾਹਿਤ ਦਾ ਪ੍ਰਮੁੱਖ ਰੂਪ ਮੰਨਿਆ ਜਾਂਦਾ ਹੈ। ਵਾਰਤਕ ਸਾਡੇ ਲੌਕਿਕ ਅਤੇ ਸਮਾਜਿਕ ਜੀਵਨ ਦੀ ਆਮ ਬੋਲ-ਚਾਲ, ਵਰਤੋਂ ਵਿਹਾਰ ਅਤੇ ਆਪਸੀ ਸੰਚਾਰ ਦਾ ਮੁੱਖ ਸਰੋਤ ਤੇ ਮਾਧਿਅਮ ਹੈ। ਇਸੇ ਕਰਕੇ ਵਾਰਤਕ ਨੂੰ ਸਾਹਿਤ ਦਾ ਤਾਰਕਿਕ ਅਤੇ ਵਿਚਾਰਕ ਰੂਪ ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਨੂੰ ਮਨੁੱਖੀ ਭਾਵਾਂ ਤੇ ਕਲਪਨਾ ਨਾਲੋਂ ਬੌਧਿਕਤਾ ਦੇ ਤਰਕ ਦਾ ਵਾਹਕ ਮੰਨਿਆ ਜਾਂਦਾ ਹੈ। ਇਸੇ ਕਾਰਨ ਜਿਵੇਂ ਜਿਵੇਂ ਮਨੁੱਖੀ ਸੱਭਿਅਤਾ ਤੇ ਚਿੰਤਨ ਨੇ ਵਿਕਾਸ ਕੀਤਾ ਸਾਹਿਤ ਵਿਚ ਵਾਰਤਕ ਨੇ ਆਪਣੀ ਸਰਦਾਰੀ ਕਾਇਮ ਕੀਤੀ ਹੈ। ਬਾਵਜੂਦ ਇਸ ਸੱਚ ਦੇ ਕੀ ਸਾਹਿਤ ਦਾ ਇਹ ਰੂਪ ਸਾਹਿਤ ਦੇ ਮੁੱਢਲੇ ਰੂਪ ਕਾਵਿ ਨਾਲੋਂ ਕਾਫ਼ੀ ਬਾਅਦ ਵਿੱਚ ਸਾਹਿਤਕ ਅਭਿਵਿਅਕਤੀ ਦਾ ਮਾਧਿਅਮ ਬਣਿਆ। ਇਹ ਗਿਆਨ-ਵਿਗਿਆਨ, ਮਨੁੱਖੀ ਸੰਚਾਰ ਦੇ ਨਾਲ-ਨਾਲ ਸਾਹਿਤ ਦੇ ਹੋਰ ਕਈ ਰੂਪਾਂ, ਨਾਟਕ, ਕਹਾਣੀ, ਨਾਵਲ ਅਤੇ ਆਪਣੇ ਸਵੈ ਦੇ ਕਈ ਰੂਪਾਂ/ਉਪ-ਰੂਪਾਂ ਜਿਨ੍ਹਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ, ਦਾ ਮਾਧਿਅਮ ਵੀ ਬਣੀ ਹੈ। ਆਧੁਨਿਕ ਪੰਜਾਬੀ ਵਾਰਤਕ ਦੇ ਮੁੱਢਲੇ ਰੂਪ ਵਿੱਚ ਟ੍ਰੈਕਟ, ਟੀਕਾਕਾਰੀ, ਸੰਪਾਦਨਾ, ਅਨੁਵਾਦ,ਕੋਸ਼ਕਾਰੀ ਵਿਆਕਰਣ ਤੋਂ ਇਲਾਵਾ ਇਥੇ ਨਵੇ ਮੁੱਖ ਰੂਪਾਂ/ਉਪਰੂਪਾਂ ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਸਫ਼ਰਨਾਮਾ, ਲਲਿਤ ਨਿਬੰਧ,ਸੰਸਮਰਨ,ਖ਼ਤ ਨਿਬੰਧ, ਸਫ਼ਰਨਾਮਾ, ਯਾਦ ਚਿੱਤਰ, ਡਾਇਰੀ ਆਦਿ ਦਾ ਉਲੇਖ ਵੀ ਮਿਲਦਾ ਹੈ। ਇਸੇ ਕਾਰਨ ਵਾਰਤਕ ਦੇ ਵਰਤੋਂ ਵਿਹਾਰ ਦਾ ਘੇਰਾ ਬਹੁਤ ਵਿਸ਼ਾਲ ਹੈ।

ਵਾਰਤਕ ਦੇ ਸ਼ੁੱਧ ਰੂਪਾਂ ਵਿੱਚ ਨਿਬੰਧ ਦੀ ਵਿਸ਼ੇਸ਼ ਮਹੱਤਤਾ ਹੈ। ਵਰਤਮਾਨ ਸਮੇਂ ਵਿਚ ਵਾਰਤਕ ਦੇ ਇਸ ਰੂਪ ਨੇ ਕਾਫੀ ਪ੍ਰਫੁੱਲਤਾ ਹਾਸਿਲ ਕੀਤੀ ਹੈ। ਇਸ ਪ੍ਰਫੁੱਲਤਾ ਦਾ ਮੁੱਖ ਕਾਰਨ ਇਹ ਹੈ ਕਿ ਇਹ ਸਭ ਤਰ੍ਹਾਂ ਦੇ ਭਾਵਾਂ ਤੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਸਮਰੱਥਾ ਰੱਖਦਾ ਹੈ। ਵਾਰਤਕ ਨਿਬੰਧ ਰੂਪ ਦਾ ਅਗਲੇਰਾ ਅਗਲੇਰਾ ਰੂਪ ਹੈ ਲਲਿਤ ਨਿਬੰਧ। ਲਲਿਤ ਨਿਬੰਧ ਵਿੱਚ ਕਿਸੇ ਵੀ ਵਿਸ਼ੇ ਸਬੰਧੀ ਭਾਵਾਂ ਤੇ ਵਿਚਾਰਾਂ ਦੀ ਪੇਸ਼ਕਾਰੀ ਨੂੰ ਕਲਾਤਮਕ ਤੇ ਸਿਰਜਣਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਨਿਬੰਧ ਦੇ ਮੁਕਾਬਲੇ ਸੰਖੇਪਤਾ, ਸੂਖਮਤਾ ਤੇ ਸੰਵੇਦਨਾ ਦੇ ਗੁਣਾਂ ਦੀ ਪ੍ਰਧਾਨਤਾ ਹੁੰਦੀ ਹੈ। ਲਲਿਤ ਨਿਬੰਧ ਦੀ ਭਾਸ਼ਾ ਸ਼ੈਲੀ, ਬਹੁ-ਅਰਥਕ ਧੁਨੀਆਂ ਅਤੇ ਸੁਨਿਸ਼ਚਿਤ ਭਾਂਤ ਦੀ ਧਾਰਨੀ ਹੁੰਦੀ ਹੈ। ਇਸ ਵਿੱਚ ਕਿਹਾ ਘੱਟ ਤੇ ਸੁਝਾਇਆ ਵਧੇਰੇ ਜਾਂਦਾ ਹੈ। ਬੇਸ਼ਕ ਲਲਿਤ ਨਿਬੰਧ, ਨਿਬੰਧ ਤੋਂ ਵਖਰੇ ਆਕਾਰ ਤੇ ਗੁਣਾਂ ਵਾਲੀ ਰਚਨਾ ਹੈ। ਬਾਵਜੂਦ ਇਸ ਦੇ ਲਲਿਤ-ਨਿਬੰਧ ਵਿੱਚ ਨਿਬੰਧ ਵਾਲੇ ਸਾਰੇ ਗੁਣ ਮੌਜੂਦ ਹੁੰਦੇ ਹਨ ਪਰੰਤੂ ਨਿਬੰਧ ਵਾਂਗ ਲਲਿਤ-ਨਿਬੰਧ ਬੁੱਧੀ ਅਤੇ ਹਿਰਦੇ ਨੂੰ ਨਹੀਂ ਟੁੰਬਦਾ ਸਗੋਂ ਇਹ ਪਾਠਕ ਨੂੰ ਭਾਵੁਕ ਪੱਧਰ ਉੱਪਰ ਜਿਆਦਾ ਟੁੰਬਦਾ ਹੈ। ਇਸ ਕਾਰਨ ਲਲਿਤ ਨਿਬੰਧ ਸੰਪੂਰਨ ਰੂਪ ਵਿੱਚ ਗੱਦ-ਬੱਧ ਰਚਨਾ ਨਾਂ ਹੋ ਕੇ ਗੱਧ ਅਤੇ ਕਾਵਿ ਦਾ ਮਿਸ਼ਰਤ ਜਿਹਾ ਰੂਪ ਹੁੰਦੀ ਹੈ। ਅੰਗਰੇਜ਼ੀ ,ਉਰਦੂ ,ਬੰਗਾਲੀ , ਹਿੰਦੀ, ਮਰਾਠੀ, ਆਦਿ ਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਵਿੱਚ ਵੀ ਲਲਿਤ ਨਿਬੰਧ ਦੀ ਵੰਨਗੀ ਵੇਖਣ ਨੂੰ ਮਿਲਦੀ ਹੈ। ਪੰਜਾਬੀ ਭਾਸ਼ਾ ਵਿੱਚ ਲਲਿਤ ਨਿਬੰਧ

ਦੀ ਸਥਾਪਤੀ ਤੇ ਪ੍ਰਫੁੱਲਤਾ ਦਾ ਸਿਹਰਾ ਕੁਲਬੀਰ ਸਿੰਘ ਕਾਂਗ ਦੇ ਸਿਰ ਬੱਝਦਾ ਹੈ। ਬੇਸ਼ਕ 1930 ਈ. ਵਿੱਚ ਪ੍ਰਾਪਤ ਦੀਵਾਨ ਸਿੰਘ ਕਾਲੇਪਾਣੀ ਦੇ ਨਿਬੰਧ 'ਮੇਰਾ ਜੀਵਨ ਮੇਰਾ ਗੀਤ' ਨੂੰ ਵੀ ਲਲਿਤ ਨਿਬੰਧ ਦੇ ਰੂਪ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਰੰਤੂ ਲਲਿਤ-ਨਿਬੰਧ ਦੀ ਪ੍ਰਮਾਣਿਕ ਪਛਾਣ ਕੁਲਬੀਰ ਸਿੰਘ ਕਾਂਗ ਨੇ ਬਣਾਈ। ਇਸੇ ਕਰਕੇ ਉਸਨੂੰ ਇਸ ਵਿਧਾ ਦਾ ਮੋਢੀ ਅਤੇ ਸੰਚਾਲਕ ਵੀ ਮੰਨਿਆ ਜਾਂਦਾ ਹੈ। ਬਤੌਰ ਵਾਰਤਾਕਾਰ ਕੁਲਬੀਰ ਸਿੰਘ ਕਾਂਗ ਦੀ ਵਾਰਤਕ ਕਲਾ ਵਿੱਚ ਜਿਆਦਾ ਨਿਖਾਰ ਅਤੇ ਖਿੜਾਉ 'ਲਲਿਤ ਨਿਬੰਧ' ਵਿਧਾ ਕਾਰਨ ਹੀ ਆਉਂਦਾ ਹੈ। ਭਾਵੇਂ ਕਿ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਉਸਨੇ ਰੇਖਾ-ਚਿੱਤਰ,ਸਫ਼ਰਨਾਮਾ, ਜੀਵਨੀ ਅਤੇ ਸਵੈ ਜੀਵਨੀ ਆਦਿ ਵਾਰਤਕ ਵਿਧਾਵਾਂ ਉੱਪਰ ਵੀ ਕਲਮ ਅਜ਼ਮਾਈ ਹੈ। ਪਰੰਤੂ ਲਲਿਤ ਨਿਬੰਧ ਰਚਨਾ ਦੇ ਖੇਤਰ ਵਿੱਚ ਉਸਨੇ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਬਹੁਤ ਵੱਡਾ ਯੋਗਦਾਨ ਪਾਇਆ ਹੈ। ਲਲਿਤ ਨਿਬੰਧ ਵਿਧਾ ਦੇ ਖੇਤਰ ਵਿੱਚ ਉਸਨੇ ਨਾਦ ਅਨਾਹਦ (1970), ਨਦੀ ਕਿਨਾਰੇ ਪਿਆਸਾ ਮਨੁੱਖ (1975), ਸੋਗੀ ਸੰਗੀਤ ਦਾ ਜਾਦੂ(1980), ਉਦਾਸ ਦਰਖਤਾਂ ਦੇ ਮੌਨ ਨਗ਼ਮੇ (1982), ਹਰਿਮੰਦਰ ਉਦਾਸ ਹੈ !(1986), ਹਰਿਮੰਦਰ ਮੁਸਕਰਾਂਦਾ ਹੈ !(1989), ਚੌਣਵੇਂ ਲਲਿਤ ਨਿਬੰਧ (1996) ਅਤੇ ਸਲੀਬ ਤੇ ਟੰਗਿਆ ਖ਼ੁਦਾ(1996) ਆਦਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ 'ਚ ਪਾਈਆਂ ਹਨ। ਪੰਜਾਬੀ ਸਾਹਿਤ ਦਾ ਕੋਈ ਵੀ ਸੂਝਵਾਨ ਪਾਠਕ ਜਦੋਂ ਲਲਿਤ-ਨਿਬੰਧ ਦੀ ਗੱਲ ਕਰਦਾ ਹੈ ਤਾਂ ਉਸ ਦੀ ਸਿਮਰਤੀ 'ਚੋਂ ਕੁਲਬੀਰ ਸਿੰਘ ਕਾਂਗ ਦਾ ਨਾਂ ਹੀ ਉੱਭਰਦਾ ਹੈ ।ਹੀ ਉੱਭਰਦਾ ਹੈ। ਜਿਸ ਤਰ੍ਹਾਂ ਪੰਜਾਬੀ ਪਾਠਕਾਂ ਦੇ ਜ਼ਿਹਨ 'ਚ ਹੀਰ-ਵਾਰਿਸ ਇਕ ਦੂਜੇ ਦੇ ਪੂਰਕ ਸ਼ਬਦ ਹਨ ਉਸੇ ਤਰ੍ਹਾਂ ਲਲਿਤ-ਨਿਬੰਧ ਅਤੇ ਕੁਲਬੀਰ ਸਿੰਘ ਕਾਂਗ ਵੀ ਇੱਕ ਦੂਜੇ ਦੇ ਪੂਰਕ ਸ਼ਬਦ ਬਣ ਗਏ ਹਨ।

ਅਧਿਐਨ ਅਧੀਨ ਖੋਜ ਪੱਤਰ ਵਿੱਚ ਅਸੀਂ ਕੁਲਬੀਰ ਸਿੰਘ ਕਾਂਗ ਦੀ ਲਲਿਤ ਨਿਬੰਧਾਂ ਦੀ ਪੁਸਤਕ ਸੋਗੀ ਸੰਗੀਤ ਦਾ ਜਾਦੂ (ਹਰਿਮੰਦਰ ਉਦਾਸ ਹੈ !) (1986 ਈ.) ਅਤੇ 'ਉਦਾਸ ਦਰਖਤਾਂ ਦੇ ਮੌਨ ਨਗਮੇ' (1982 ਈ.) ਵਿੱਚੋਂ 6 ਲਲਿਤ ਨਿਬੰਧਾਂ ਨੂੰ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ। 'ਸੋਗੀ ਸੰਗੀਤ ਦਾ ਜਾਦੂ' ਪੁਸਤਕ ਦੇ ਪਹਿਲੇ ਸੰਸਕਰਣ (1980 ਈ.) ਵਿਚ ਕੁੱਲ 28 ਲਲਿਤ ਨਿਬੰਧ ਪ੍ਰਾਪਤ ਹੁੰਦੇ ਹਨ। ਇਸ ਸੰਗ੍ਰਹਿ ਵਿਚ ਸੱਤ ਲਲਿਤ ਨਿਬੰਧ ਹੋਰ ਸ਼ਾਮਿਲ ਕਰਕੇ ਕੁੱਲ 35 ਲਲਿਤ ਨਿਬੰਧਾਂ ਦਾ ਇਕ ਨਵਾਂ ਸੰਸਕਰਣ (1986ਈ. ਵਿਚ) ਸੋਗੀ ਸੰਗੀਤ ਦਾ ਜਾਦੂ (ਹਰਿਮੰਦਰ ਉਦਾਸ ਹੈ !) ਦੇ ਸਿਰਲੇਖ ਹੇਠ ਪ੍ਰਾਪਤ ਹੁੰਦਾ ਹੈ। ਡਾ. ਅਤਰ ਸਿੰਘ ਸੋਗੀ ਸੰਗੀਤ ਦਾ ਜਾਦੂ ਦੇ ਪਹਿਲੇ ਸੰਸਕਰਣ ਦੀ ਭੂਮਿਕਾ ਦੇ ਸਿਰਲੇਖ 'ਇੱਕ ਨਵੇਂ ਰੂਪ ਦਾ ਉਦਭਵ' ਵਿੱਚ ਕੁਲਬੀਰ ਸਿੰਘ ਕਾਂਗ ਦੇ ਪੰਜਾਬੀ ਸਾਹਿਤ ਸਮਾਜ ਵਿਚ ਸਥਾਪਿਤ ਬਿੰਬ (ਕਠੋਰ ਮਨੁੱਖ, ਬਾਹਰਮੁਖੀ ਰੂਪ) ਨੂੰ ਲਲਿਤ ਨਿਬੰਧ (ਭਾਵ ਪ੍ਰਵਾਹ ਤੇ ਵਿਚਾਰ ਪ੍ਰਵਾਹ) ਦੇ ਨਵੇਂ ਰੂਪ ਦੇ ਉਦਭਵ ਨਾਲ ਜੋੜ ਕੇ ਦੇਖਣ ਦਾ ਯਤਨ ਕਰਦੇ ਹੋਏ ਕਹਿੰਦੇ ਹਨ ਕਿ ਪੰਜਾਬੀ ਦੇ ਵਿਦਵਾਨ ਆਲੋਚਕਾਂ ਨੇ ਉਨ੍ਹਾਂ ਦੀਆਂ ਲਲਿਤ ਨਿਬੰਧ ਰਚਨਾਵਾਂ ਨਾਲ ਨਾ ਤੇ ਇਨਸਾਫ ਕੀਤਾ ਅਤੇ ਨਾ ਹੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਗੌਲਿਆ ਹੈ; "ਇੱਕ ਮਨੋਵਿਗਿਆਨੀ ਤਾਂ ਇਹ ਕਹਿ ਕੇ ਖਹਿੜਾ ਛੁਡਾ ਸਕਦਾ ਹੈ ਕਿ ਇਹ ਨਿਬੰਧ ਉਸ ਦੇ ਉਸ ਨਿਮਨ ਚੇਤਨ ਮਨ ਦੀ ਉਪਜ ਹਨ, ਜਿਸ ਨੂੰ ਉਸਦੀ ਕਿਸੇ ਮਾਨਸਿਕ ਗੰਢ ਨੇ ਦਬਾ ਰੱਖਿਆ ਸੀ। ਸੋਗੀ ਸੁਰਾਂ ਦਾ ਸੰਗੀਤ, ਉਸ ਦੇ ਲਘੂ ਨਿਬੰਧਾਂ ਨੂੰ ਪੜ੍ਹਦਿਆਂ ਮੇਰੇ ਮਨ ਵਿੱਚ ਇਹ ਭਾਵ ਬਾਰ-ਬਾਰ